**ਮਿਤੀ: ੧ ਵੈਸਾਖ ਨਾਨਕਸ਼ਾਹੀ ਸੰਮਤ ੫੫੭, ੧੪ ਅਪ੍ਰੈਲ ੨੦੨੫**

**ਵਿਸ਼ਾ: ਸਰਬੱਤ ਖ਼ਾਲਸਾ ਦੇ ਪੰਜ ਪ੍ਰਧਾਨੀ ਕੌਂਸਲ ਦਾ ਹੋਇਆ ਐਲਾਨ**

ਸਿੱਖਾਂ ਦੇ ਵੱਖ-ਵੱਖ ਹਲਕਿਆਂ ਵਿੱਚ ਜਿਥੇ ਇੱਕ ਪਾਸੇ ਸਰਬੱਤ ਖ਼ਾਲਸਾ ਅਤੇ ਇਸ ਨੂੰ ਸੁਰਜੀਤ ਕਰਨ ਦੀਆਂ ਪਿਛਲੇ ਲੰਬੇ ਸਮੇਂ ਤੋਂ ਵਿਚਾਰਾਂ ਚੱਲ ਰਹੀਆਂ ਹਨ, ਉੱਥੇ ਹੀ ਦੇਸ਼-ਵਿਦੇਸ਼ ਤੋਂ ਜੁੜ ਬੈਠੇ ਸਿੱਖ ਚਿੰਤਕਾਂ ਨੇ ਪੰਚ-ਪ੍ਰਧਾਨੀ ਜੁਗਤ ਅਧੀਨ ਸਰਬੱਤ ਖ਼ਾਲਸਾ ਲਈ ਜੱਥੇਬੰਦਕ ਢਾਂਚਾ ਤਿਆਰ ਕਰ ਦਿੱਤਾ ਹੈ।

ਆਪਣੇ ਨਿਰਧਾਰਤ ਵਿਧਾਨ ਅਨੁਸਾਰ ੧ ਵੈਸਾਖ, ੧੪ ਅਪ੍ਰੈਲ ੨੦੨੫ ਨੂੰ ਸਰਬੱਤ ਖ਼ਾਲਸਾ ਜਥੇਬੰਦੀ ਦੀ ਪੰਚਾਇਤ ਮੈਂਬਰਾਂ ਦੀ ਆਨਲਾਈਨ ਇਕੱਤ੍ਰਤਾ ਹੋਈ, ਜਿਸ ਵਿੱਚ ਪੰਜ ਪ੍ਰਧਾਨੀ ਕੌਂਸਲ ਲਈ ਪੰਜ ਪਿਆਰਿਆਂ ਦੇ ਨਾਵਾਂ ਦਾ ਐਲਾਨ ਹੇਠ ਲਿਖੇ ਅਨੁਸਾਰ ਕੀਤਾ ਗਿਆ ਹੈ:

੧) ਸ. ਨਿਰਮਲ ਸਿੰਘ ਜੀ (ਵਿਕਟੋਰੀਆ ਬੀਸੀ)
੨) ਸ. ਗੁਰਪ੍ਰੀਤ ਸਿੰਘ ਜੀ ਜੀਪੀ (ਬਹਿਰੀਨ)
੩) ਡਾ. ਖੁਸ਼ਹਾਲ ਸਿੰਘ ਜੀ (ਚੰਡੀਗੜ)
੪) ਗਿਆਨੀ ਅੰਮ੍ਰਿਤਪਾਲ ਸਿੰਘ ਜੀ (ਲੁਧਿਆਣਾ)
੫) ਸ. ਸਤਬੀਰ ਸਿੰਘ ਜੀ (ਦਿੱਲੀ)

ਇਨ੍ਹਾਂ ਨਾਵਾਂ ਤੇ ਸਹਿਮਤੀ ੨੫ ਮੈਂਬਰ ਗੁਰਸਿੱਖ ਕੋਰ ਕਮੇਟੀ ਨੇ ਪਿਛਲੇ ਇੱਕ ਮਹੀਨੇ ਤੋਂ ਲਗਾਤਾਰ ਹੋ ਰਹੀਆਂ ਮੀਟਿੰਗਾਂ ਵਿੱਚ ਵਿਚਾਰ ਰਾਹੀਂ ਬਣਾਈ। ਸਰਬੱਤ ਖ਼ਾਲਸਾ ਦੇ ਵਿਧਾਨ ਅਨੁਸਾਰ ਗੁਰਸਿੱਖ ਕੋਰ ਕਮੇਟੀ ਨੇ 'ਆਪਣੇ ਆਪ ਤੋਂ ਇਲਾਵਾ' ਸਰਬੱਤ ਖਾਲਸਾ ਪੰਚਾਇਤ ਦੇ ਨੁਮਾਇੰਦਿਆਂ ਵਿੱਚੋਂ ਪੰਜ ਪ੍ਰਧਾਨੀ ਕੌਂਸਲ ਲਈ ਪੰਜ ਪਿਆਰਿਆਂ ਦੇ ਨਾਵਾਂ ਤੇ ਸਹਿਮਤੀ ਬਣਾਉਣੀ ਸੀ, ਜਿਹੜੇ ਕਿ ਦੋ ਪੰਜਾਬ ਤੋਂ, ਇੱਕ ਬਾਕੀ ਭਾਰਤ ਤੋਂ, ਇੱਕ ਜੀ੭ ਦੇਸ਼ਾਂ ਵਿੱਚੋਂ, ਅਤੇ ਇੱਕ ਬਾਕੀ ਦੁਨੀਆ ਤੋਂ ਹੋਣੇ ਹਨ।

ਸਰਬੱਤ ਖ਼ਾਲਸਾ ਦੇ ਸੰਕਲਪ, ਵਿਧਾਨ ਅਤੇ ਹੋਰ ਵੇਰਵੇ ਲਈ ਵੈੱਬਸਾਈਟ: ***sarbatkhalsa.world*** ਵੇਖੀ ਜਾ ਸਕਦੀ ਹੈ। ਇਸ ਮੀਟਿੰਗ ਦੀ ਸਾਰੀ ਕਾਰਵਾਈ ਸਰਬੱਤ ਖ਼ਾਲਸਾ ਦੇ ਯੂਟਯੂਬ ਚੈਨਲ ਤੇ ਵੀ ਵੇਖੀ ਜਾ ਸਕਦੀ ਹੈ।

ਸਿਧਾਂਤਕ ਪਹਿਰੇਦਾਰੀ ਅਤੇ ਪੰਥਕ ਭਲਾਈ ਲਈ ਅੱਗੇ ਦੀ ਕਾਰਵਾਈ ਨਵ-ਨਿਯੁਕਤ ਪੰਜ ਪ੍ਰਧਾਨੀ ਕੌਂਸਲ ਸਰਬੱਤ ਖ਼ਾਲਸਾ ਪੰਚਾਇਤ ਦੇ ਮੈਂਬਰਾਂ ਨਾਲ ਸੰਵਾਦ ਰਚਾ ਕੇ ਸਾਹਮਣੇ ਰੱਖੇਗੀ।